# India-U.S. Foreign Office Consultations

January 31, 2023

....................

ਭਾਰਤ- ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ

**31 ਜਨਵਰੀ, 2023**

ਵਿਦੇਸ਼ ਸਕੱਤਰ ਸ਼੍ਰੀ ਵਿਨੈ ਮੋਹਨ ਕਵਾਤਰਾ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਜਨੀਤਿਕ ਮਾਮਲਿਆਂ ਦੀ ਅੰਡਰ ਸੈਕਟਰੀ ਮਹਾਮਹਿਮ ਸ਼੍ਰੀਮਤੀ ਵਿਕਟੋਰੀਆ ਨੂਲੈਂਡ ਨੇ ਸਾਲਾਨਾ ਭਾਰਤ- ਸੰਯੁਕਤ ਰਾਜ ਅਮਰੀਕਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਨਵੀਂ ਦਿੱਲੀ ਵਿੱਚ 31 ਜਨਵਰੀ 2023 ਨੂੰ ਸਾਲਾਨਾ ਸਲਾਹ-ਮਸ਼ਵਰੇ (FOC) ਦੀ ਸਹਿ-ਪ੍ਰਧਾਨਗੀ ਕੀਤੀ।

ਵਿਦੇਸ਼ ਦਫ਼ਤਰਾਂ ਦਰਮਿਆਨ ਹੋਏ ਸਲਾਹ-ਮਸ਼ਵਰੇ ਸਦਕਾ ਅਕਤੂਬਰ, 2022 ਵਿੱਚ ਵਿਦੇਸ਼ ਸਕੱਤਰ ਦੀ ਅਮਰੀਕਾ ਫੇਰੀ ਦੌਰਾਨ ਹੋਈ ਚਰਚਾ ਨੂੰ ਜਾਰੀ ਰੱਖਣ ਦਾ ਮੌਕਾ ਮਿਲਿਆ। ਦੋਵਾਂ ਧਿਰਾਂ ਨੇ ਭਾਰਤ-ਅਮਰੀਕਾ ਦਰਮਿਆਨ ਵਿਆਪਕ ਆਲਮੀ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ।

ਇੰਨਾਂ ਚਰਚਾਵਾਂ ਵਿੱਚ ਦੱਖਣੀ ਏਸ਼ੀਆ, ਹਿੰਦ ਮਹਾਸਾਗਰ ਖੇਤਰ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਮੌਜੂਦਾ ਖੇਤਰੀ ਘਟਨਾਕ੍ਰਮ ਵੀ ਸ਼ਾਮਲ ਸੀ. ਦੋਵਾਂ ਧਿਰਾਂ ਨੇ ਖੇਤਰ ਵਿੱਚ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਮੁਕਤ, ਖੁੱਲ੍ਹੇ ਅਤੇ ਸੰਮਲਿਤ ਇੰਡੋ-ਪੈਸੀਫਿਕ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ।

ਵਿਦੇਸ਼ ਸਕੱਤਰ ਅਤੇ ਅੰਡਰ ਸੈਕਟਰੀ ਨੂਲੈਂਡ ਨੇ ਸਾਂਝੇ ਰਣਨੀਤਕ ਹਿੱਤਾਂ ਨੂੰ ਦਰਸਾਉਂਦੀਆਂ ਕਈ ਪਹਿਲਕਦਮੀਆਂ ਅਤੇ ਤੰਤਰਾਂ ਦਾ ਜਾਇਜ਼ਾ ਲਿਆ, ਜਿਨ੍ਹਾਂ ਵਿੱਚ Quad, I2U2, ਇੰਡੋ-ਪੈਸੀਫਿਕ ਆਰਥਿਕ ਫਰੇਮਵਰਕ (IPEF) ਅਤੇ ਇੰਡੋ-ਪੈਸੀਫਿਕ ਮੈਰੀਟਾਈਮ ਡੋਮੇਨ ਜਾਗਰੂਕਤਾ ਪਹਿਲਕਦਮੀ (IPMDA) ਸ਼ਾਮਲ ਹਨ।

ਦੋਵੇਂ ਧਿਰਾਂ ਭਾਰਤ ਦੀ ਮੌਜੂਦਾ ਜੀ-20 ਪ੍ਰਧਾਨਗੀ ਦੌਰਾਨ ਮਿਲ ਕੇ ਕੰਮ ਕਰਨ ਉੱਤੇ ਸਹਿਮਤ ਹੋਈਆਂ। ਉਨ੍ਹਾਂ ਨੇ ਆਪਸੀ ਹਿੱਤਾਂ ਦੇ ਆਲਮੀ ਮੁੱਦਿਆਂ 'ਤੇ ਬਹੁ-ਪੱਖੀ ਮੰਚਾਂ ਅਤੇ ਸੰਯੁਕਤ ਰਾਸ਼ਟਰ ਸਮੇਤ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਸਹਿਯੋਗ ਨੂੰ ਤੇਜ਼ ਕਰਨ ਉੱਤੇ ਵੀ ਸਹਿਮਤੀ ਦਿੱਤੀ।

ਲਾਭਕਾਰੀ ਅਤੇ ਸਾਰਥਕ ਮੀਟਿੰਗ ਸਦਕਾ ਦੋਵਾਂ ਧਿਰਾਂ ਨੂੰ ਬਾਕਾਇਦਾ ਗੱਲਬਾਤ ਜਾਰੀ ਰੱਖਣ ਦੇ ਯੋਗ ਹੋਈਆਂ, ਜੋ ਆਪਸੀ ਸਮਝ-ਬੂਝ ਨੂੰ ਵਧਾਉਣ ਅਤੇ ਭਾਰਤ-ਅਮਰੀਕਾ ਭਾਈਵਾਲੀ ਦੇ ਹੋਰ ਵਿਕਾਸ ਅਤੇ ਸੁਧਾਰ ਲਈ ਮੌਕਿਆਂ ਦੀ ਪਛਾਣ ਕਰਨ ਵਿੱਚ ਸਹਾਇਕ ਹੋਵੇਗੀ।

ਨਵੀਂ ਦਿੱਲੀ

31 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.